Office of the Public Advocate

Punjabi

What happens if someone in my family can't make decisions because of disability, illness or injury?

# ਕੀ ਹੋਵੇਗਾ ਜੇਕਰ ਮੇਰੇ ਪਰਿਵਾਰ ਵਿੱਚੋਂ ਕੋਈ ਅਪਾਹਜਤਾ, ਬਿਮਾਰੀ ਜਾਂ ਜ਼ਖਮੀ ਹੋਣ ਦੇ ਕਾਰਣ ਫੈਸਲੇ ਨਹੀਂ ਲੈ ਸਕਦਾ?

ਬਾਲਗਾਂ ਨੂੰ ਆਪਣੀ ਜ਼ਿੰਦਗੀ ਦੇ ਬਾਰੇ ਫੈਸਲੇ ਆਪ ਲੈਣ ਦਾ ਹੱਕ ਹੈ।

ਪਰ ਕਈ ਵਾਰੀ ਬਾਲਗ ਅਪਾਹਜਤਾ, ਬਿਮਾਰੀ ਜਾਂ ਜ਼ਖਮੀ ਹੋਣ ਦੇ ਕਾਰਣ ਫੈਸਲੇ ਨਹੀਂ ਲੈ ਸਕਦੇ। ਉਦਾਹਰਣ ਵਜੋਂ, ਯਾਦਾਸ਼ਤ ਦਾ ਗੰਭੀਰ ਰੂਪ ਵਿੱਚ ਘਟਣਾ (ਡਿਮੈਂਸ਼ੀਆ)

ਬਾਲਗ ਇਕ ਵਿਅਕਤੀ ਨੂੰ ਚੁਣ ਸਕਦੇ ਹਨ ਜੋ ਉਹਨਾਂ ਵਾਸਤੇ ਭਵਿੱਖ ਵਿੱਚ ਫੈਸਲੇ ਲੈ ਸਕੇ, ਜਦੋਂ ਉਹ ਆਪਣੇ ਫੈਸਲੇ ਆਪ ਨਹੀਂ ਲੈ ਸਕਦੇ।

ਉਹ ਇਸ ਨੂੰ ਇਕ ਖਾਸ ਫਾਰਮ ਜਿਸ ਨੂੰ 'enduring power of attorney' ਕਿਹਾ ਜਾਂਦਾ ਹੈ, ਭਰਕੇ ਕਰਦੇ ਹਨ।

ਜੇਕਰ ਉਹ ਇਹ ਨਹੀਂ ਕਰਦੇ ਅਤੇ ਅਪਾਹਜਤਾ, ਬਿਮਾਰੀ ਜਾਂ ਜ਼ਖਮੀ ਹੋਣ ਦੇ ਕਾਰਣ ਫੈਸਲੇ ਨਹੀਂ ਲੈ ਸਕਦੇ, ਇਕ ਟ੍ਰਿਬੂਨਲ ਹੈ ਜੋ ਮਦਦ ਕਰ ਸਕਦਾ ਹੈ। ਇਸ ਨੂੰ 'Victorian Civil and Administrative Tribunal (VCAT)' ਕਿਹਾ ਜਾਂਦਾ ਹੈ।

VCAT ਕਿਸੇ ਨੂੰ ਵਿਅਕਤੀ ਦੀ ਦੌਲਤ ਅਤੇ ਜਾਇਦਾਦ ਨਾਲ ਜੁੜੇ ਫੈਸਲੇ ਲੈਣ ਲਈ ਚੁਣ ਸਕਦਾ ਹੈ (ਜਿਸਨੂੰ 'administrator' (ਪ੍ਰਬੰਧਕ) ਕਿਹਾ ਜਾਂਦਾ ਹੈ)।

VCAT ਕਿਸੇ ਨੂੰ ਵਿਅਕਤੀ ਦੀ ਜੀਵਨ-ਸ਼ੈਲੀ ਦੇ ਨਾਲ ਜੁੜੇ ਫੈਸਲੇ ਲੈਣ ਲਈ ਚੁਣ ਸਕਦਾ ਹੈ (ਜਿਸਨੂੰ 'guardian' (ਸਰਪਰਸਤ) ਕਿਹਾ ਜਾਂਦਾ ਹੈ)।

ਉਦਾਹਰਣ ਵਜੋਂ, ਇਸ ਵਿੱਚ ਵਿਅਕਤੀ ਕਿੱਥੇ ਰਹੇਗਾ ਜਾਂ ਉਹਨਾਂ ਨੂੰ ਕਿਹੜੀਆਂ ਸੇਵਾਵਾਂ ਦੀ ਲੋੜ ਹੈ, ਜਿਵੇਂ ਕਿ ਰਿਹਾਇਸ਼ ਨਾਲ ਜੁੜੇ ਮਸਲੇ ਵਿੱਚ ਮਦਦ ਬਾਰੇ ਫੈਸਲਾ ਹੋ ਸਕਦਾ ਹੈ।

ਡਾਕਟਰੀ ਇਲਾਜ ਦੇ ਫੈਸਲੇ

ਕਾਨੂੰਨ ਕਹਿੰਦਾ ਹੈ ਕਿ ਕਿਸੇ ਦੂਸਰੇ ਵਿਅਕਤੀ ਦੇ ਡਾਕਟਰੀ ਇਲਾਜ ਬਾਰੇ ਫੈਸਲੇ ਕੌਣ ਲੈ ਸਕਦਾ ਹੈ (ਜੇਕਰ ਉਹ ਵਿਅਕਤੀ ਆਪਣੇ ਫੈਸਲੇ ਆਪ ਨਹੀਂ ਲੈ ਸਕਦਾ)। ਉਦਾਹਰਣ ਵਜੋਂ, ਇਹ ਵਿਅਕਤੀ ਦਾ ਪਤੀ ਜਾਂ ਪਤਨੀ, ਜਾਂ ਬਾਲਗ ਬੱਚਾ ਹੋ ਸਕਦਾ ਹੈ।

ਜੇਕਰ ਤੁਹਾਡੇ ਕੋਈ ਸਵਾਲ ਹਨ

ਤੁਸੀਂ Office of the Public Advocate (ਪਬਲਿਕ ਐਡਵੋਕੇਟ ਦੇ ਦਫਤਰ) ਨੂੰ 1300 309 337 ਉਪਰ ਸਲਾਹ ਲਈ ਫੋਨ ਕਰ ਸਕਦੇ ਹੋ ਜਾਂ **www.publicadvocate.vic.gov.au** ਉਪਰ ਜਾਓ

Interpreter

ਤੁਸੀਂ ਫੋਨ ਵਾਲੇ ਦੋਭਾਸ਼ੀਏ ਲਈ ਪੁੱਛ ਸਕਦੇ ਹੋ।

2019